ਹੋਈ ਦਰਵਾਂ ਨੂੰ ਪਰਿਣਮਨ ਵਿੱਚ ਸਹਾਇਕ ਲੱਛਣ ਵਾਲਾ ਹੋ ਉਹ ਕਾਲ ਹੈ।

**ਕ੍ਰਿਸ਼ਨ ਲੇਸ਼ੀਆ** : ਨਿਰਦਈ, ਕਰੂਰ ਸੁਭਾਅ ਵਾਲੇ ਸ਼ਰਾਬ, ਮਾਸ ਅਤੇ ਯੁੱਧ ਆਦਿ ਵਿੱਚ ਉਲਝੇ, ਜਿਸ ਦੇ ਪਰਿਣਾਮ ਮਕੋਓ ਦੀ ਤਰ੍ਹਾਂ ਤੇ ਖੰਜਨ ਪੰਛੀ ਦੀ ਤਰ੍ਹਾਂ ਕਾਲੇ ਹਨ।

**ਕੇਵਲ ਗਿਆਨ** : ਜੋ ਗਿਆਨ ਕੇਵਲ, ਮਤਿ ਗਿਆਨ ਆਦਿ ਤੋਂ ਰਹਿਤ, ਸੰਪੂਰਨ, ਵਿਸ਼ੇਸ਼, ਕਿਸੇ ਵੀ ਪੱਖ ਤੋਂ ਰਹਿਤ, ਵਿਸ਼ੁੱਧ, ਸਾਰੇ ਪਦਾਰਥ ਨੂੰ ਪ੍ਰਕਾਸ਼ ਵਿੱਚ ਲਿਆਉਣ ਵਾਲਾ ਲੋਕ ਅਤੇ ਅਲੋਕ ਦਾ ਜਾਣਕਾਰ ਹੈ, ਉਹ ਕੇਵਲ ਗਿਆਨ ਹੈ।

**ਕੇਵਲ ਦਰਸ਼ਨ** : ਤਿੰਨ ਕਾਲਾਂ ਦੇ ਵਿਸ਼ੇ ਪੱਖੋਂ ਅਨੰਤ ਪਰਿਆਏ ਤੋਂ ਸੰਯੁਕਤ, ਨਿਜ ਸਵਰੂਪ ਕਰਦਾ ਹੈ ਉਹ ਕੇਵਲ ਦਰਸ਼ਨ ਹੈ ਜਾਂ ਪਰਦੇ ਦਾ ਪੂਰੀ ਤਰ੍ਹਾਂ ਖਾਤਮਾ ਹੋ ਜਾਣ ਤੇ ਜੋ ਬਿਨਾਂ ਕਿਸੇ ਸਹਾਇਤਾ ਤੋਂ ਸਾਰੇ ਸ਼ਕਲ ਵਾਲੇ, ਬਿਨਾਂ ਸ਼ਕਲ ਵਾਲੇ ਦਰਵਾਂ ਨੂੰ ਜਾਣਦਾ ਹੈ ਉਹ ਕੇਵਲ ਦਰਸ਼ਨ ਹੈ।

**ਗੁਣ ਵਰਤ** : ਅਣੂਵਰਤਾਂ ਦੇ ਉਪਕਾਰ ਹੋਣ ਤੇ ਦਿਗਵਰਤ, ਅਰਨਰਥ ਦੰਢ ਵਰਤ, ਭੋਗ ਉਪ ਭੋਗ ਪਰਿਮਾਣ ਵਰਤ ਨੂੰ ਗੁਣ ਵਰਤ ਕਿਹਾ ਗਿਆ ਹੈ।

**ਗੁਣ ਸਥਾਨ** : ਗਿਆਨ ਆਦਿ ਗੁਣਾਂ ਦੀ ਸ਼ੁੱਧੀ ਤੇ ਅਸ਼ੁੱਧੀ ਦੇ ਘਾਟੇ ਵਾਧੇ ਦੇ ਭਾਵ ਵਿੱਚ ਹੋਣ ਵਾਲੇ

ਜੀਵ ਦੇ ਸਵਰੂਪ ਵਿਸ਼ੇਸ਼ ਨੂੰ ਗੁਣ ਸਥਾਨ ਆਖਦੇ ਹਨ। ਅਰਥਾਤ ਗਿਆਨ, ਦਰਸ਼ਨ, ਚਾਰਿਤਰ ਆਦਿ ਜੀਵ ਦੇ ਸੁਭਾਅ ਨੂੰ ਗੁਣ ਆਖਦੇ ਹਨ ਅਤੇ ਉਨਾਂ ਸਥਾਨ ਦੀ ਉਚਾਈ ਤੇ ਗਿਰਾਵਟ ਸਵਰੂਪ ਵਿਸ਼ੇਸ਼ ਦਾ ਭੇਦ ਗੁਣ ਸਥਾਨ ਹੈ। ਦੂਸਰੇ ਸ਼ਬਦਾਂ ਵਿੱਚ ਆਖਿਆ ਜਾਵੇ ਤਾਂ ਦਰਸ਼ਨਾ ਮੋਹਨੀਆ ਆਦਿ ਕਰਦੇ ਦੇ ਉਦੈ, ਉਪਸਮ, ਕਸ਼ਯੋਪਸ਼ਮ ਆਦਿ ਅਵਸਥਾਵਾਂ ਦੇ ਹੋਣ ਤੇ ਉਤਪੰਨ ਹੋਣ ਵਾਲੇ ਜਿਹੜੇ ਭਾਵ ਜੀਵ ਵਿੱਖ ਵਿਖਾਈ ਦਿੰਦੇ ਹਨ ਉਨਾਂ ਭਾਵਾਂ ਨੂੰ ਗੁਣ ਸਥਾਨ ਆਖਦੇ ਹਨ।

**ਗੁਪਤੀ** : ਸਮਿਅਕ ਦਰਸ਼ਨ ਪੂਰਵਕ, ਮਨ, ਬਚਨ, ਤੇ ਕਾਇਆ ਦੇ ਦੋਸ਼ਾਂ ਤੇ ਕਾਬੂ ਪਾਉਣ ਨੂੰ ਗੁਪਤੀ ਆਖਦੇ ਹਨ।

**ਗ੍ਰਹਿਸਥ** : ਸ਼੍ਰਾਵਕ ਯੋਗ ਨਿਤ (ਹਰ ਰੋਜ) ਅਤੇ ਨਮਿਤ ਕਿਰਿਆਵਾਂ ਕਰਨ ਵਾਲੇ ਮਨੁੱਖ ਨੂੰ ਗ੍ਰਹਿਸਥ ਆਖਦੇ ਹਨ।

**ਘਾਤੀ ਕਰਮ** : ਕੇਵਲ ਗਿਆਨ, ਕੇਵਲ ਦਰਸ਼ਨ, ਸਮਿਅੱਕਤਵ, ਚਾਰਿਤਰ ਤੇ ਵੀਰਜ ਰੂਪ ਜੀਵ ਗੁਣਾਂ ਦੇ ਘਾਤਕ ਗਿਆਨਾ ਵਰਨੀਆ, ਦਰਸ਼ਨਾ ਵਰਸੀਆ, ਮੋਹਨੀਆ ਤੇ ਅੰਤਰਾਏ ਇਹ ਚਾਰ ਕਰਮ ਘਾਤੀ ਕਰਮ ਹਨ।

**ਚੱਕਰਵਰਤੀ** : ਛੇ ਖੰਡ ਭਰਤ ਖੇਤਰ ਦੇ ਰਾਜੇ ਅਤੇ 32 ਹਜ਼ਾਰ ਮੁਕਟ ਬੰਧ ਰਾਜਿਆ ਦੇ ਸਵਾਮੀ ਚੱਕਰਵਰਤੀ ਹੈ।

**ਚੰਦਰ ਪ੍ਰਗਿਆਪਤੀ** : ਚੰਦਰਮਾ ਦੇ ਵਿਮਾਨ, ਉਮਰ, ਪਰਿਵਾਰ, ਚੰਦਰਮਾ ਦੀ ਗਤੀ, ਉਸ ਤੋਂ ਉਤਪੰਨ ਹੋਣ ਵਾਲੇ ਦਿਨ ਰਾਤ ਆਦਿ ਦੀ ਵਿਆਖਿਆ ਜਿਸ ਗ੍ਰੰਥ ਵਿੱਚ ਹੋਵੇ।

**ਛੇਦ** : ਸੰਜਮ ਦੀ ਵਿਸ਼ੁੱਧੀ ਕਾਰਨ ਦੋਸ਼, ਲਗਨ ਤੇ ਉਨਾਂ ਨੂੰ ਦੂਰ ਕਰਨ ਦਾ ਨਾਂ ਛੇਦ ਹੈ।

**ਜੀਵ** : ਜੋ ਚੇਤਨਾ ਪਰਿਣਾਮ ਸਵਰੂਪ ਉਪਯੋਗ ਵਿਸ਼ੇਸ਼ਤਾ ਨੂੰ ਪ੍ਰਾਪਤ ਹੈ, ਉਹ ਜੀਵ ਹੈ। ਦਰਵ ਭਾਵ ਕਰਮਾ ਦੇ ਆਸ਼ਰਵ ਆਦਿ ਦਾ ਸਵਾਮੀ, ਕਰਮਾ ਦਾ ਕਰਤਾ ਭੋਗਣ ਵਾਲਾ, ਪ੍ਰਾਪਤ ਸ਼ਰੀਰ ਦੇ ਆਕਾਰ, ਕਰਮ ਦੇ ਨਾਲ ਹੋਣ ਵਾਲੇ ਏਕਤਵ ਪਰਿਣਾਮ ਦੇ ਪੱਖੋਂ ਮੂਰਤ (ਸ਼ਕਲ ਵਾਲੇ) ਅਤੇ ਕਰਮ ਵਿੱਚ ਲੱਗਾ ਹੋਇਆ ਹੈ।

**ਤਪ** : ਜੋ ਅੱਠ ਪ੍ਰਕਾਰ ਦੇ ਕਰਮ ਗਠ ਨੂੰ ਤਪਾਉਂਦਾ ਹੈ, ਨਸ਼ਟ ਕਰਦਾ ਹੈ। ਉਹ ਤਪ ਹੈ।

**ਤਾਪਸ** : ਜਟਾਧਾਰੀ, ਬਨਵਾਸੀ, ਪੰਜ ਅੱਗ ਦੀ ਧੁਨੀ ਕਰਨ ਵਾਲੇ ਸਾਧੂਆਂ ਨੂੰ ਤਾਪਸ ਕਿਹਾ ਗਿਆ ਹੈ।

**ਤਿਰਯਗ ਲੋਕ** : ਇੱਕ ਲੱਖ ਯੋਜਨ ਦੇ ਸਤਵੇਂ ਭਾਗ ਮਾਤਰ ਸੂਚੀ ਅੰਗੁਲ ਦੇ ਬੜੇ ਰੂਪ ਜਗ ਪ੍ਰਤਰ

(ਤਹਿ) ਨੂੰ ਤ੍ਰਿਯਗ ਲੋਕ ਆਖਦੇ ਹਨ।

**ਤੀਰਥ** : ਸ਼੍ਰਾਵਕ, ਸ਼੍ਰਾਵਿਕਾ, ਸ਼੍ਰਮਣ, ਸ਼੍ਰਮਣੀ ਇਸ ਚਹੁਮੁਖੀ ਸੰਘ ਨੂੰ ਤੀਰਥ ਕਿਹਾ ਜਾਂਦਾ ਹੈ।

**ਤੀਰਥੰਕਰ** : ਜੋ ਅਨੁਪਮ ਮਿਹਨਤ ਦੇ ਧਾਰਕ, ਕਰੋਧ ਆਦਿ ਕਸ਼ਾਏ ਦਾ ਖਾਤਮਾ ਕਰਨ ਵਾਲੇ, ਹੱਦ ਰਹਿਤ ਗਿਆਨੀ, ਕੇਵਲ ਗਿਆਨ ਦੇ ਮਾਲਿਕ, ਸੰਸਾਰ ਸਮੁੰਦਰ ਨੂੰ ਪਾਰ ਕਰਨ ਵਿੱਚ ਸਮਰੱਥ, ਸਾਰੀਆਂ ਗਤੀਆਂ ਤੋਂ ਉਤਮ ਪੰਜਵੀਂ (ਮੋਕਸ਼) ਗਤੀ ਨੂੰ ਪ੍ਰਾਪਤ ਸਿੱਧ, ਨਾਥ ਦੇ ਉਪਦੇਸ਼ਕ ਤੀਰਥ ਦੇ ਸੰਸਥਾਪਕ ਹਨ, ਉਹ ਤੀਰਥੰਕਰ ਅਖਵਾਉਂਦੇ ਹਨ।

**ਤੀਰਥੰਕਰ ਨਾਮ ਕਰਮ** : ਜਿਸ ਕਰਮ ਦੇ ਉਦੇ ਤੋਂ ਦਰਸ਼ਨ, ਗਿਆਨ, ਚਾਰਿਤਰ, ਸਵਰੂਪ ਤੀਰਥ ਦੀ ਸਥਾਪਨਾ ਕੀਤੀ ਜਾਂਦੀ ਹੈ। ਆਕਸੇਪ, ਸੰਖੇਪ, ਸੰਵੇਗ ਅਤੇ ਨਿਰਵੇਦ ਦਰਵਾਜੇ ਰਾਹੀਂ ਲੋਕਾਂ ਨੂੰ ਸਿਧੀ ਦੀ ਪ੍ਰਾਪਤੀ ਲਈ ਮੁਨੀ ਧਰਮ ਤੇ ਗ੍ਰਹਿਸਥ ਧਰਮ ਦਾ ਉਪਦੇਸ਼ ਕੀਤਾ ਜਾਂਦਾ ਹੈ ਅਤੇ ਸੁਰਿੰਦਰ ਤੇ ਕਰਵਰਤੀ ਤੋਂ ਪੂਜਾ ਪ੍ਰਾਪਤ ਕਰਦੇ ਹਨ, ਉਸ ਨੂੰ ਤੀਰਥੰਕਰ ਨਾਮਕਰਮ ਆਖਦੇ ਹਨ।

**ਦਾਨ** : ਆਪਣੇ ਤੇ ਦੂਸਰੇ ਦੇ ਉਪਕਾਰ ਲਈ ਜੋ ਧਨ ਆਦਿ ਦਾ ਤਿਆਗ ਕੀਤਾ ਜਾਂਦਾ ਹੈ ਉਹ ਦਾਨ ਹੈ।

**ਦੀਖਿਆ** : ਸਾਰੇ ਆਰੰਭ (ਪਾਪਕਾਰੀ ਧੰਦੇ), ਪਰਿਗ੍ਰਹਿ ਨੂੰ ਤਿਆਗ ਕੇ ਜੋ ਵਰਤ ਗ੍ਰਹਿਣ ਕੀਤਾ ਜਾਂਦਾ ਹੈ, ਨੂੰ ਦੀਖਿਆ ਆਖਦੇ ਹਨ।

**ਦੇਸ਼ਅਵਕਾਸ਼ਿਕ ਵਰਤ**

: ਦਿਗਵਰਤ ਵਿੱਚ ਜੋ ਦਿਸ਼ਾ ਦੀ ਹਦ ਮਿੱਥੀ ਜਾਵੇ ਉਸ ਨੂੰ ਹਰ ਰੋਜ ਸੰਖੇਪ ਕਰਨਾ, ਦੇਸ਼ ਅਵਕਾਸ਼ਿਕ ਵਰਤ ਹੈ।

**ਦਰਵ** : ਜੋ ਆਪਣੇ ਸੁਭਾਅ ਨੂੰ ਨਾ ਛੱਡਦਾ ਹੋਇਆ ਉਤਪਾਦ (ਪੈਦਾ), ਵਿਆਏ (ਖਰਚ ਹੋਣ) ਤੇ ਧਰੋਵਯ (ਸਥਾਪਿਤ ਰਹਿਨ) ਨਾਲ ਸਬੰਧਤ ਰਹਿ ਕੇ ਗੁਣ ਤੇ ਪਰਿਆਏ ਵਾਲਾ ਹੁੰਦਾ ਹੈ, ਜੋ ਗੁਣਾਂ ਦਾ ਆਸਰਾ ਹੈ, ਉਹ ਦਰਵ ਹੈ।

**ਦਰਵ ਲੇਸ਼ਿਆ** : ਪੁਦਗਲ ਵਿਪਾਕੀ ਵਰਨ ਨਾਮ ਕਰਮ ਦੇ ਉਦੇ ਹੋਣ ਤੇ ਜੋ ਲੇਸ਼ਿਆ ਸਰੀਰ ਦਾ ਰੰਗ ਹੁੰਦਾ ਹੈ ਉਹ ਦਰਵ ਲੇਸਿਆ ਹੈ। ਕ੍ਰਿਸ਼ਨ, ਨੀਲ ਤੇ ਪੀਲਾ ਆਦਿ ਦਰਵਾ ਨੂੰ ਹੀ ਦਰਵ ਲੇਸ਼ਿਆ ਕਿਹਾ ਹੈ।

**ਦਰਵ ਆਰਥਿਕ ਨਯ**

: ਜੋ ਭਿੰਨ ਭਿੰਨ ਪਰਿਆਈਆਂ (ਆਕਾਰ) ਨੂੰ ਵਰਤਮਾਨ ਵਿੱਚ ਪ੍ਰਾਪਤ ਕਰਦਾ ਹੈ, ਭਵਿੱਖ ਵਿੱਚ ਕਰੇਗਾ ਅਤੇ ਜਿਸ ਨੇ ਭੂਤ ਵਿੱਚ ਪ੍ਰਾਪਤ ਕੀਤਾ ਹੈ, ਉਸਦਾ ਨਾਉਂ ਦਰਵ ਹੈ। ਇਸ ਦਰਵ ਨੂੰ ਵਿਸ਼ੇ

ਚਿਤ ਦੀ ਇਕਾਗਰਤਾ ਹੋਵੇ ਉਹ ਪਦੱਸਥ ਧਿਆਨ ਹੈ।

| | | |
|---|---|---|
| ਪਰਮਾਤਮਾ | : | ਸੰਪੂਰਨ ਦੋਸ਼ਾਂ ਤੋਂ ਰਹਿਤ, ਕੇਵਲ ਗਿਆਨ ਆਦਿ ਰੂਪ ਸ਼ੁੱਧ ਆਤਮਾ ਹੀ ਪ੍ਰਮਾਤਮਾ ਹੈ। |
| ਪਰਮੇਸ਼ਟੀ | : | ਆਤਮਾ ਦਾ ਹਿਤ ਚਾਹੁਣ ਵਾਲਿਆਂ ਲਈ ਇਸ਼ਟ ਅਤੇ ਮੰਗਲ ਸਵਰੂਪ ਅਰਿਹੰਤ, ਸਿੱਧ, ਆਚਾਰੀਆ, ਉਪਾਧਿਆ ਤੇ ਸਾਧੂ। |
| ਪਰਲੋਕ | : | ਮੌਤ ਤੋਂ ਬਾਅਦ ਪ੍ਰਾਪਤ ਹੋਣ ਵਾਲਾ ਹੋਰ ਜਨਮ। |
| ਪਰਿਸ਼ੇ | : | ਰਸਤੇ ਵਿੱਚ ਰੁਕਾਵਟ ਨਾ ਹੋਣ ਲਈ ਅਤੇ ਕਰਮਾਂ ਦੀ ਨਿਰਜਰਾ ਦੇ ਲਈ ਭੁੱਖ ਪਿਆਸ ਆਦਿ ਨੂੰ ਸਹਿਣ ਕਰਨਾ। |
| ਪਰਿਆਪਤ | : | ਜੋ ਜੀਵ ਭੋਜਨ ਆਦਿ ਛੇ ਪਰਿਆਪਤੀਆਂ ਤੋਂ ਸੰਪੂਰਨ ਹੋ ਚੁੱਕੇ ਹਨ ਉਹ ਪਰਿਆਪਤ ਜਾਂ ਪਰਿਆਪਤਕ ਅਖਵਾਉਂਦੇ ਹਨ। |
| ਪਾਰਥਿਵੀ ਧਾਰਨਾ | : | ਧਿਆਨ ਅਵਸਥਾ ਵਿੱਚ ਮੱਧ ਲੋਕ ਦੇ ਬਰਾਬਰ ਖੀਰ ਸਾਗਰ, ਉਸ ਦੇ ਜੰਬੂ ਦੀਪ ਦੇ ਅਕਾਰ ਵਾਲੇ ਸਹਸਤਰਪਥ ਵਾਲੇ ਸਵਰਨ ਕਮਲ, ਉਸ ਦੇ ਪਰਾਗਸਮੂਚ ਦੇ ਅੰਦਰ ਪੀਲ੍ਹੀ ਕਾਂਤੀ ਵਾਲੇ ਸੁਮੇਰੂ ਦੇ ਅਕਾਰ ਦੀ ਡੰਡੀ ਅਤੇ ਉਸਦੇ ਉਪਰ ਇੱਕ ਸਫੇਦ ਰੰਗ ਦੇ ਸਿੰਘਾਸਨ ਤੇ ਸਥਿਤ ਹੋ ਕੇ ਕਰਮ ਨੂੰ ਨਸ਼ਟ ਕਰਨ ਲਈ ਤਿਆਰ ਆਤਮਾ ਦਾ ਚਿੰਤਨ ਕਰਨਾ ਪਾਰਥਿਵੀ ਧਾਰਨਾ ਹੈ। |

**ਪਿੰਡਸਥ ਧਿਆਨ** : ਆਪਣੇ ਸ਼ਰੀਰ ਵਿੱਚ ਪੁਰਸ਼ ਦੇ ਆਕਾਰ ਦਾ ਜੋ ਨਿਰਮਲ ਗੁਣ ਵਾਲਾ ਜੀਵ ਪ੍ਰਦੇਸ਼ਾਂ ਦਾ ਸਮੂਹ ਸਥਿਤ ਹੈ ਉਸ ਦੇ ਚਿੰਤਨ ਦਾ ਨਾਂ ਪਿੰਡਸਥ ਹੈ, ਧਿਆਨ ਹੈ। ਦੂਸਰੇ ਸ਼ਬਦਾਂ ਵਿੱਚ ਨਾਭੀ ਕਮਲ ਆਦਿ ਰੂਪ ਸਥਾਨਾਂ ਵਿੱਚ ਜੋ ਇਸ਼ਟ (ਦੇਵਤੇ) ਦਾ ਧਿਆਨ ਕੀਤਾ ਜਾਂਦਾ ਹੈ ਉਹ ਪਿੰਡਸਥ ਧਿਆਨ ਹੈ।

**ਪੁੰਨ** : ਜਿਸ ਕਰਮ ਦੇ ਉਦੈ ਹੋਣ ਤੇ ਜੀਵ ਨੂੰ ਸੁਖ ਅਨੁਭਵ ਹੁੰਦਾ ਹੈ, ਉਹ ਪੁੰਨ ਹੈ।

**ਪੁਦਗਲ** : ਸੰਕਧ, ਸੰਕਧ ਦੇਸ਼, ਸੰਕਧ ਪ੍ਰਦੇਸ਼, ਪ੍ਰਮਾਣੂ, ਇਹ ਰੂਪੀ ਹਨ। ਇਨਾਂ ਰੂਪੀ ਦਰਵਾਂ ਨੂੰ ਪੁਦਗਲ ਆਖਦੇ ਹਨ।

**ਬੰਧ** : ਮਿਥਿੱਆਤਵ ਆਦਿ ਕਾਰਨਾਂ ਰਾਹੀਂ ਕੱਜਲ ਨਾਲ ਭਰੀ ਡੱਬੀ ਦੀ ਤਰ੍ਹਾਂ ਪੋਦਗਲਿਕ ਦਰਵ ਨਾਲ ਫੈਲੇ ਲੋਕ ਵਿੱਚ ਕਰਮਯੋਗ ਪੁਦਗਲ ਵਰਗਨਾਵਾਂ ਦਾ ਆਤਮਾ ਦੇ ਨਾਲ ਇਕਮਿਕ ਜਾਂ ਅੱਗ ਤੇ ਲੋਹੇ ਦਾ ਗੋਲੇ ਦੀ ਤਰ੍ਹਾਂ ਪ੍ਰਵੇਸ਼ ਇੱਕ ਖੇਤਰ ਅਵਗਾਹ ਰੂਪ ਸਬੰਧ ਹੋਣ ਨੂੰ ਬੰਧ ਆਖਦੇ ਹਨ। ਆਤਮਾ ਤੇ ਕਰਮ ਪਰਮਾਣੂਆਂ ਦੇ ਸਬੰਧ ਵਿਸ਼ੇਸ਼ ਨੂੰ ਬੰਧ ਆਖਦੇ ਹਨ। ਨਵੇਂ ਗ੍ਰਹਿਣ ਕਰਮਾਂ ਨੂੰ ਬੰਧ ਆਖਦੇ ਹਨ।

**ਬ੍ਰਹਚਰਜ** : ਬ੍ਰਹਮਾ, ਆਤਮਾ, ਬ੍ਰਹਮਾ ਵਿਦਿਆ, ਬ੍ਰਹਮਾ ਅਧਿਐਨ ਆਦਿ ਵਿੱਚ ਘੁੰਮਣਾ ਅਤੇ ਬ੍ਰਹਮ ਵੀਰਜ ਦੀ ਰਖਿਆ ਕਰਨਾ।

ਬ੍ਰਹਮੀ : ਇਹ ਭਗਵਾਨ ਰਿਸ਼ਭਦੇਵ ਦੀ ਪੁਤਰੀ ਸੀ, ਜਿਸ ਨੇ ਸਭ ਤੋਂ ਪਹਿਲਾਂ ਲਿਪੀ ਵਿਦਿਆ ਦੀ ਸ਼ੁਰੂਆਤ ਕੀਤੀ। ਉਸਦੇ ਨਾਉਂ ਤੋਂ ਬ੍ਰਹਮੀ ਲਿਪੀ ਪ੍ਰਸਿੱਧ ਹੋਈ।

ਭਾਵ ਲੇਸ਼ਿਆਕਸੋ : ਯੋਗ ਤੇ ਸੰਕਲੇਸ਼ ਨਾਲ ਜੁੜੀਆਂ ਆਤਮਾਂ ਦਾ ਪਰਿਣਾਮ ਵਿਸ਼ੇਸ ਸੰਕਲੇਸ਼ ਦਾ ਮੁੱਲ ਕਸ਼ਾਏ ਦਾ ਪ੍ਰਗਟ ਹੋਣਾ ਹੈ। ਇਸ ਲਈ ਚਿਮੜੀ ਯੋਗ ਪ੍ਰਵਿਰਤੀ ਲੇਸ਼ਿਆ ਮੋਹ ਕਰਮ ਦੇ ਉਦੈ ਜਾਂ ਕਸਯੋਪਸ਼ਮ ਜਾਂ ਉਪਸ਼ਮ ਜਾਂ ਕਸ਼ੈ (ਖਤਮ) ਤੋਂ ਹੋਣ ਵਾਲੀ ਜੀਵ ਦੇ ਪ੍ਰਦੇਸ਼ਾਂ ਦੀ ਚੰਚਲਤਾ ਭਾਵ ਲੇਸ਼ਿਆ ਹੈ।

ਮਤਿ ਗਿਆਨ : ਇੰਦਰੀਆਂ ਤੇ ਮਨ ਰਾਹੀਂ ਹੋਣ ਵਾਲਾ ਗਿਆਨ।

ਮਨ ਪ੍ਰਯਭਵ ਗਿਆਨ : ਇੰਦਰੀ ਤੇ ਮਨ ਦੀ ਜ਼ਰੂਰਤ ਨਾ ਰਖਦੇ ਹੋਏ, ਮਾਨਵ ਲੋਕ ਦੇ ਸੰਗੀ (ਮਨ ਵਾਲੇ) ਜੀਵਾਂ ਦੇ ਮਨ ਅੰਦਰਲੇ ਭਾਵਾਂ ਨੂੰ ਜਾਨਣਾ ਮਨ ਪ੍ਰਯਭਵ ਗਿਆਨ ਹੈ। ਮਨ ਦੇ ਚਿੰਤਨ ਪਰਿਣਾਮਾਂ ਨੂੰ ਜਿਸ ਗਿਆਨ ਤੋਂ ਪ੍ਰਤੱਖ ਕੀਤਾ ਜਾਂਦਾ ਹੈ ਉਹ ਮਨ ਪ੍ਰਯਭਵ ਗਿਆਨ ਹੈ।

ਮਨੋਗੁਪਤੀ : ਮਨ ਦੀ ਕ੍ਰਿਆ ਨੂੰ ਗੁਪਤ ਰੱਖਣਾ ਮਨੋਗੁਪਤੀ ਹੈ।

ਮਾਨ : ਜਿਸ ਦੋਸ਼ ਵਿੱਚ ਨੀਵਾਂ ਹੋਣ ਦੀ ਆਦਤ ਨਾ ਹੋਵੇ। ਜਾਤ, ਕੁਲ, ਤਪ ਆਦਿ ਦਾ ਹੰਕਾਰ ਨਾਲ ਦੂਸਰੇ ਪ੍ਰਤੀ ਹੱਤਕ ਦੀ

ਆਦਮ ਮਾਨ ਹੈ।

ਮਾਇਆ : ਵਿਚਾਰ ਅਤੇ ਕ੍ਰਿਆ ਵਿੱਚ ਇੱਕਰੂਪਤਾ ਦੀ ਕਮੀ ਮਾਇਆ ਹੈ।

ਮੋਕਸ਼ : ਸੰਪੂਰਨ ਕਰਮਾਂ ਦਾ ਖਾਤਮਾ ਹੋ ਜਾਣਾ।

ਮੋਹਨੀਆ ਕਰਮ : ਜੀਵ ਦੇ ਆਪਣੇ-ਪਰਾਏ ਵਿਵੇਕ ਅਤੇ ਸਵਰੂਪ ਘੁਮਣ ਵਿੱਚ ਰੁਕਾਵਟ ਪਹੁੰਚਾਣ ਵਾਲਾ ਕਰਮ ਜਾਂ ਆਤਮਾ ਦੀ ਸਮਿਅੱਕਤਵ ਅਤੇ ਚਾਰਿਤਰ ਗੁਣ ਜਾਂ ਘਾਤ ਕਰਨ ਵਾਲਾ ਕਰਮ ਮੋਹਨੀਆ ਕਰਮ ਅਖਵਾਉਂਦਾ ਹੈ।

ਲੇਸ਼ਿਆ : ਜੀਵ ਦੇ ਅਜਿਹੇ ਪਰਿਣਾਮ ਜਿਸ ਰਾਹੀਂ ਆਤਮ ਕਰਮ ਤੋਂ ਲਿਬੜਦੀ ਹੈ, ਜਾਂ ਕਸ਼ਾਏ ਉਦੇ ਵਿੱਚ ਰੁੱਝੀ ਜੀਵ ਦੀ ਆਤਮਾ ਲੇਸ਼ਿਆ ਅਖਵਾਉਂਦੀ ਹੈ।